**ਪੰਜਾਬ ਸਰਕਾਰ**

**ਸਿਖਿਆ ਵਿਭਾਗ**

**(ਸਿੱਖਿਆ-6 ਸ਼ਾਖਾ)**

ਸੇਵਾ ਵਿਖੇ

1. ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ.),
   ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਿਖਿਆ ਵਿਭਾਗ (ਐ.ਸਿ.),ਪੰਜਾਬ,
   ਚੰਡੀਗੜ੍ਹ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ ਚੰਡੀਗੜ੍ਹ।

**ਮੀਮੋ ਨੰ:** 4/2/08-1ਸਿ6/113
**ਮਿਤੀ:** 15-01-2010

**ਵਿਸ਼ਾ:-** **ਰਾਜ ਦੇ ਸਰਕਾਰੀ ਅਤੇ ਗੈਰ-ਸਰਕਾਰੀ ਮਾਨਤਾ ਪ੍ਰਾਪਤ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਨੂੰ ਸਟੇਟ ਅਵਾਰਡ ਦੇਣ ਸਬੰਧੀ ਪਾਲਿਸੀ ਬਨਾਉਣ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਾਲ 2010 ਦੇ ਸਟੇਟ ਅਵਾਰਡ ਦੇ ਕੇਸਾਂ ਵਿਚ ਅਵਾਰਡੀਆਂ ਦੀ ਚੋਣ ਕਰਨ ਸਬੰਧੀ ਦਰਖਾਸਤਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਪ੍ਰੋਸੈਸ ਕਰਕੇ ਮੈਰਿਟ ਅਨੁਸਾਰ ਚੋਣ ਕਰਨ ਦੀ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੀ ਜਾਂਦੀ ਹੈ:-

| | | |
|---|---|---|
| ੳ) | ਦਰਖਾਸਤਾਂ ਦੇਣ ਦਾ ਸਮਾਂ | 01 ਫਰਵਰੀ ਤੋਂ 15 ਮਾਰਚ ਤੱਕ |
| ਅ) | ਮੁੱਖ ਦਫਤਰ ਦੁਆਰਾ ਦਰਖਾਸਤਾਂ ਦੀ ਛਾਣਬੀਣ | 01 ਅਪਰੈਲ ਤੋਂ 30 ਅਪਰੈਲ ਤੱਕ |
| ੲ) | ਸਬ-ਕਮੇਟੀਆਂ ਦੁਆਰਾ ਸਬੰਧਤ ਸਕੂਲਾਂ ਦੀ ਚੈਕਿੰਗ | 07 ਜੁਲਾਈ ਤੋਂ 07 ਅਗਸਤ ਤੱਕ |
| ਸ) | ਰਾਜ ਪੱਧਰੀ ਕਮੇਟੀ ਦੁਆਰਾ ਅਵਾਰਡਾਂ ਦਾ ਫੈਸਲਾ | 20 ਅਗਸਤ ਤੱਕ |

ਸਟੇਟ ਅਵਾਰਡੀਅ ਅਧਿਆਪਕਾਂ ਦੀ ਚੋਣ ਕਰਨ ਸਮੇਂ ਨਿਮਨ ਲਿਖਤ ਨੁਕਤਿਆਂ ਨੂੰ ਧਿਆਨ ਵਿਚ ਰੱਖਿਆ ਜਾਵੇ:

**ੳ)** ਹਿਸਾਬ, ਅੰਗਰੇਜੀ, ਐਸ.ਐਸ., ਸਾਇੰਸ, ਪੰਜਾਬੀ, ਸਰੀਰਕ ਸਿੱਖਿਆ, ਮੁੱਖ ਅਧਿਆਪਕ ਅਤੇ ਪ੍ਰਿੰਸੀਪਲ ਲਈ ਇਕ-ਇਕ ਅਵਾਰਡ ਅਤੇ ਦੁਜੇ ਵਿਸ਼ਿਆਂ ਜਿਵੇਂ ਵੋਕੇਸ਼ਨਲ, ਡਰਾਇੰਗ, ਖੇਤੀਬਾੜੀ ਆਦਿ ਲਈ ਦੋ ਅਵਾਰਡ ਰੱਖੇ ਜਾਣ। ਇਹ ਵੀ ਜਰੂਰੀ ਨਹੀਂ ਹੋਵੇਗਾ ਕਿ ਹਰ ਕੈਟਾਗਰੀ ਵਿਚੋਂ ਇਕ ਅਧਿਆਪਕ ਜਰੂਰ ਹੀ ਚੁਣਿਆ ਜਾਣਾ ਹੈ। ਕਮੇਟੀ ਦੀ ਨਜਰ ਵਿਚ ਜੇਕਰ ਕਿਸੇ ਕੈਟਾਗਰੀ ਦਾ ਅਵਾਰਡ ਪ੍ਰਦਾਨ ਕਰਨ ਲਈ ਯੋਗ ਅਧਿਆਪਕ ਨਾ ਮਿਲੇ ਤਾਂ ਉਸਦੀ ਥਾਂ ਤੇ ਕਿਸੇ ਹੋਰ ਕੈਟਾਗਰੀ ਦਾ ਅਧਿਆਪਕ ਵਿਚਾਰਿਆ ਜਾਵੇਗਾ, ਬਰਸ਼ਰਤੇ ਕਿ ਉਸ ਦੀ ਮੈਰਿਟ ਉਚੇ ਦਰਜੇ ਦੀ ਹੋਵੇ। ਦੂਜੇ ਸ਼ਬਦਾਂ ਵਿਚ ਅਵਾਰਡੀ ਅਧਿਆਪਕ ਦੀ ਚੋਣ ਕੇਵਲ ਉਚ ਦਰਜੇ ਦੀ ਮੈਰਿਟ ਦੇ ਅਧਾਰ ਤੇ ਹੀ ਹੋਵੇਗੀ।

**ਅ)** ਨਿਰਧਾਰਤ ਫਾਰਮ ਦੇ ਮੁਤਾਬਿਕ ਸਾਰੇ ਜਿਲ੍ਹਿਆਂ ਵਿਚ ਕੁਲ 100 ਅਧਿਆਪਕਾਂ ਦੀ ਮੈਰਿਟ ਚੋਣ ਕਰਕੇ ਸਨਮਾਨਿਤ ਕਰਨ ਦੀ ਬਾਜਏ ਜਿਲਾ ਪੱਧਰ ਤੇ ਜਿਲਾ ਸਿੱਖਿਆ ਅਫਸਰ ਵਲੋਂ ਪ੍ਰਸ਼ੰਸਾ ਪੱਤਰ ਦੇ ਦਿੱਤੇ ਜਾਣ। ਇਸ ਸਮੇਂ ਵੱਡੇ ਜਿਲਿਆਂ ਲਈ ਅਧਿਆਪਕਾਂ ਦੀ ਗਿਣਤੀ ਨੂੰ ਧਿਆਨ ਵਿਚ ਰੱਖ ਲਿਆ ਜਾਵੇ।

**ੲ)** ਅਵਾਰਡੀ ਅਧਿਆਪਕਾਂ ਦੇ ਨਾਮ ਫਾਈਨਲ ਹੋਣ ਜਾਣ ਦੇ ਬਾਅਦ ਇਹਨਾਂ ਦਾ ਤੁਰੰਤ ਐਲਾਨ ਕਰ ਦਿੱਤਾ ਜਾਵੇਗਾ।

**ਸ)** ਨੈਸ਼ਨਲ ਅਵਾਰਡ ਲਈ ਸਮਾਂ, ਕੇਂਦਰ ਸਰਕਾਰ ਦੀ ਪਾਲਿਸੀ ਅਨੁਸਾਰ ਹੀ ਨਿਸ਼ਚਿਤ ਕੀਤਾ ਜਾਵੇਗਾ।

**ਗ)** ਸਟੇਟ ਅਵਾਰਡ ਦੇ ਕੇਸਾਂ ਵਿਚ ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਜਾਵੇ :-

| ਲੜੀ ਨੰ: | ਮੱਦ ਦਾ ਵੇਰਵਾ | ਅੰਕ |
|---|---|---|
| 1) | ਵਿਦਿਅਕ ਯੋਗਤਾ | 15 |
| 2) | ਨਤੀਜੇ | 20 |
| 3) | ਬੱਚਿਆਂ ਦੀ ਗਿਣਤੀ (ਵਾਧਾ/ਘਾਟਾ) | 2 |
| 4) | ਵਿਦਿਆਰਥੀਆਂ ਦੀ ਹਾਜਰੀ | 2 |
| 5) | ਅਨੁਸ਼ਾਸਨ ਸਬੰਧੀ ਯੋਗਦਾਨ | 4 |
| 6) | ਡਰਾਪ ਆਉਟ | 4 |
| 7) | ਬਿਲਡਿੰਗ ਦੀ ਉਸਾਰੀ ਤੇ ਸਾਂਭ ਸੰਭਾਲ ਵਿਚ ਯੋਗਦਾਨ | 5 |
| 8) | ਸਕੂਲਾਂ ਦੀ ਸਫਾਈ ਦਾ ਹਾਲ | 2 |
| 9) | ਫਰਨੀਚਰ (ਉਪਲਬਧਤਾ ਤੇ ਸਾਂਭ ਸੰਭਾਲ) | 2 |
| 10) | ਪੀਣ ਵਾਲੇ ਸਾਫ ਪਾਣੀ ਬਾਰੇ | 2 |
| 11) | ਪਖਾਨਿਆਂ ਦੀ ਸਫਾਈ ਸਬੰਧੀ ਨਿਗਰਾਨੀ | 2 |
| 12) | ਨਵੇਂ ਪੌਦੇ ਲਾਉਣ ਅਤੇ ਬੁਟਿਆਂ ਦੀ ਸਾਂਭ ਸੰਭਾਲ | 2 |
| 13) | ਕੌਮੀ ਏਕਤਾ | 2 |
| 14) | ਨਵੀਂ ਕਾਢ (ਇੱਨੋਵੇਸ਼ਨ) | 5 |
| 15) | ਪੜਾਉਣ ਲਈ ਸਹਾਇਕ ਸਮੱਗਰੀ ਦੀ ਵਰਤੋਂ (ਟੀਚਿੰਗ ਏਡਜ਼) | 2 |
| 16) | ਸਪੈਸ਼ਲ ਕੋਚਿੰਗ | 3 |

| | | |
|---|---|---|
| 17) | ਸਹਿਪਾਠੀ ਕ੍ਰਿਆਵਾਂ ਵਿਚ ਯੋਗਦਾਨ | 6 |
| 18) | ਛਪੀਆਂ ਰਚਨਾਵਾਂ | 3 |
| 19) | ਸੇਵਾ ਕਾਲ ਦੌਰਾਨ ਲਈ ਟਰੇਨਿੰਗ (ਇਕ ਸੈਮੀਨਾਰ/ ਟ੍ਰੇਨਿੰਗ ਲਈ ਇਕ ਨੰਬਰ ਮਿਲੇਗਾ) | 2 |
| 20) | ਪ੍ਰਾਪਤ ਕੀਤੇ ਪ੍ਰਸ਼ੰਸਾ ਪੱਤਰ ਜਾਂ ਇਨਾਮ | 3 |
| 21) | ਪਿਛਲੇ 10 ਸਾਲਾਂ ਦੀ ਸਾਲਾਨਾ ਗੁਪਤ ਰਿਪੋਰਟਾਂ (ਬੈਂਚ ਮਾਰਕ ਅਨੁਸਾਰ ਨੰਬਰ ਲਾ ਕੇ ਉਸਦਾ ਚੌਥਾ ਹਿੱਸਾ) | 10 |
| 22) | ਫੰਡ ਇਨਚਾਰਜ ਜਾਂ ਨਿਭਾਈ ਗਈ ਕੋਈ ਹੋਰ ਜਿੰਮੇਵਾਰੀ | 2 |
| **23)** | **ਕੁੱਲ ਅੰਕ:** | **100** |

ਇਸ ਸਬੰਧ ਵਿਚ ਬੇਨਤੀ ਹੈ ਕਿ ਉਪਰੋਕਤ ਹਦਾਇਤਾਂ ਆਪ ਦੇ ਅਧੀਨ ਆਉਂਦੇ ਸਮੂਹ ਅਮਲੇ ਦੇ ਇੰਨਬਿੰਨ ਪਾਲਣਾ ਲਈ ਧਿਆਨ ਵਿਚ ਲਿਆ ਦਿੱਤੀਆਂ ਜਾਣ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

**ਸਹੀ/-**

**ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਐਮ.)**

---

**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ.), ਪੰਜਾਬ,**
**ਚੰਡੀਗੜ੍ਹ।**

ਪਿਠਅੰਕਣ ਨੰਬਰ: 15/1-2010 ਸੈ.ਸਿ.(2) ਮਿਤੀ, ਚੰਡੀਗੜ੍ਹ: 28-01-2010

**ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।**

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਸੈਕਟਰ:34, ਚੰਡੀਗੜ੍ਹ।
2) ਪੰਜਾਬ ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ.)
3) ਪੀ.ਏ.ਟੂ ਡੀ.ਪੀ.ਆਈ (ਸੈ.ਸਿ.), ਪੰਜਾਬ, ਚੰਡੀਗੜ੍ਹ।

**ਸਹੀ/-**

**ਸਹਾਇਕ ਡਾਇਰੈਕਟਰ (ਸੈ.ਸਿ.)**